**Media Release**

ਤੁਰੰਤ ਰਿਲੀਜ ਲਈ

# ਸਿਟੀ ਨੇ ਬ੍ਰੈਂਪਟਨ ਵਿੱਚ ਹੈਲਥ ਕੇਅਰ ਵਿਸਤਾਰ ਦੀ ਹਿਮਾਇਤ ਲਈ ਇੱਕ ਪ੍ਰਤੀਸ਼ਤ ਹਸਪਤਾਲ ਲੇਵੀ ਲਈ ਪ੍ਰਵਾਨਗੀ ਦਿੱਤੀ

ਬ੍ਰੈਂਪਟਨ, ਓਨਟੈਰੀਓ (7 ਅਪ੍ਰੈਲ, 2022) – ਕੱਲ੍ਹ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਬ੍ਰੈਂਪਟਨ ਵਿੱਚ ਹੈਲਥ ਕੇਅਰ ਵਿਸਤਾਰ ਦੀ ਹਿਮਾਇਤ ਲਈ ਇੱਕ ਪ੍ਰਤੀਸ਼ਤ ਹਸਪਤਾਲ ਲੇਵੀ ਲਈ ਪ੍ਰਵਾਨਗੀ ਦਿੱਤੀ। ਇਹ ਲੇਵੀ, ਪੀਲ ਮੈਮੋਰੀਅਲ ਹਸਪਤਾਲ (Peel Memorial Hospital) ਦੇ ਪੁਨਰ ਵਿਕਾਸ ਅਤੇ ਵਿਸਤਾਰ ਅਤੇ ਬ੍ਰੈਂਪਟਨ ਸਿਵਿਕ ਹਸਪਤਾਲ (Brampton Civic Hospital) ਵਿਖੇ ਬਣਾਏ ਜਾਣ ਵਾਲੇ ਕੈਂਸਰ ਕੇਅਰ ਸੈਂਟਰ (Cancer Care Centre) ਲਈ ਲੋਕਲ ਹਿੱਸੇ ਦੀ ਫੰਡਿੰਗ ਕਰਨ ਵਿੱਚ ਮਦਦ ਕਰੇਗੀ।

ਵਿਲੀਅਮ ਓਸਲਰ ਹੈਲਥ ਸਿਸਟਮ (William Osler Health System) ਦਾ ਅਨੁਮਾਨ ਹੈ ਕਿ ਪੀਲ ਮੈਮੋਰੀਅਲ ਹਸਪਤਾਲ ਦੇ ਪੁਨਰ ਵਿਕਾਸ ਅਤੇ ਵਿਸਤਾਰ ਲਈ, 700 ਮਿਲੀਅਨ ਡਾਲਰ ਅਤੇ ਕੈਂਸਰ ਕੇਅਰ ਸੈਂਟਰ ਦੇ ਵਿਕਾਸ ਲਈ 365 ਮਿਲੀਅਨ ਡਾਲਰ ਦਾ ਖਰਚ ਆਵੇਗਾ। ਇਹਨਾਂ ਦੋਵਾਂ ਦੀ ਕੁੱਲ ਅਨੁਮਾਨਿਤ ਲਾਗਤ, 1.1 ਬਿਲੀਅਨ ਡਾਲਰ ਹੋਵੇਗੀ। ਇਹਨਾਂ ਪ੍ਰੋਜੈਕਟਾਂ ਲਈ ਲੋੜੀਂਦਾ ਅਨੁਮਾਨਿਤ ਲੋਕਲ ਹਿੱਸਾ, 250 ਮਿਲੀਅਨ ਡਾਲਰ ਹੈ। ਓਸਲਰ ਬੇਨਤੀ ਕਰ ਰਿਹਾ ਹੈ ਕਿ ਸਿਟੀ, ਅਨੁਮਾਨਿਤ ਲੋਕਲ ਹਿੱਸੇ ਦੇ 50 ਪ੍ਰਤੀਸ਼ਤ ਦੀ ਫੰਡਿੰਗ ਕਰੇ, ਜੋ ਇਸ ਵੇਲੇ ਅਨੁਮਾਨਿਤ 125 ਮਿਲੀਅਨ ਡਾਲਰ ਹੈ।

ਬ੍ਰੈਂਪਟਨ ਦੇ ਨਿਵਾਸੀ, ਹਸਪਤਾਲ ਲੇਵੀ ਦੇ ਨਤੀਜੇ ਵਜੋਂ, ਔਸਤ ਸਾਲਾਨਾ ਰਿਹਾਇਸ਼ੀ ਟੈਕਸ ਬਿਲ ਵਿੱਚ 23.29 ਡਾਲਰ ਦਾ ਔਸਤ ਵਾਧਾ ਦੇਖਣਗੇ। 2022 ਦੇ ਬਜਟ ਦੇ ਹਿੱਸੇ ਵਜੋਂ, ਸਿਟੀ ਨੇ ਨਵੇਂ ਪੀਲ ਮੈਮੋਰੀਅਲ ਹਸਪਤਾਲ ਦੇ ਲੋਕਲ ਹਿੱਸੇ ਲਈ, 62.5 ਮਿਲੀਅਨ ਡਾਲਰ ਦੀ ਫੰਡਿੰਗ ਨਿਯਤ ਕਰਕੇ, ਹੈਲਥ ਕੇਅਰ ਵਿਸਤਾਰ ਵਿੱਚ ਆਪਣੀ ਵਚਨਬੱਧਤਾ ਦਰਸਾਈ (showed its commitment to health care expansion) ਸੀ। ਅੱਜ ਦੀ ਹਸਪਤਾਲ ਲੇਵੀ ਦੀ ਪ੍ਰਵਾਨਗੀ, ਇਸ ਵਚਨਬੱਧਤਾ ਤੇ ਅਧਾਰਿਤ ਹੈ। ਰਿਹਾਇਸ਼ੀ ਫਾਈਨਲ ਟੈਕਸ ਬਿਲ, ਜੁਲਾਈ, ਅਗਸਤ ਅਤੇ ਸਤੰਬਰ ਵਿੱਚ ਦੇਣਯੋਗ ਕਿਸ਼ਤਾਂ ਦੇ ਨਾਲ ਜੂਨ ਵਿੱਚ ਭੇਜੇ ਜਾਣਗੇ। ਟੈਕਸਾਂ ਬਾਰੇ ਹੋਰ ਜਾਣਕਾਰੀ, Brampton.ca ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਤਿਹਾਸਕ ਤੌਰ ਤੇ, ਬ੍ਰੈਂਪਟਨ ਨੂੰ ਹੈਲਥ ਕੇਅਰ ਸੇਵਾਵਾਂ ਵਿੱਚ ਫੰਡਿੰਗ ਦਾ ਆਪਣਾ ਉਚਿਤ ਹਿੱਸਾ ਨਹੀਂ ਮਿਲਿਆ ਹੈ, ਜਿਸਦੇ ਨਤੀਜੇ ਵਜੋਂ ਹਸਪਤਾਲ ਵਿੱਚ ਬਹੁਤ ਵੱਧ ਭੀੜ ਅਤੇ ਹਾਲਵੇ ਮੈਡੀਸਿਨ ਦੀ ਸਥਿਤੀ ਵਰਗੀਆਂ ਸਮੱਸਿਆਵਾਂ ਹਨ, ਜੋ ਕੋਵਿਡ-19 (COVID-19) ਮਹਾਂਮਾਰੀ ਦੇ ਨਾਲ ਹੋਰ ਵੀ ਵਧ ਗਈਆਂ ਹਨ। ਜਨਵਰੀ 2020 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਹੈਲਥ ਕੇਅਰ ਐਮਰਜੈਂਸੀ ਦਾ ਐਲਾਨ ਕੀਤਾ ਸੀ ਅਤੇ ਬ੍ਰੈਂਪਟਨ ਦੇ ਹੈਲਥ ਕੇਅਰ ਅੰਤਰਾਲ ਨੂੰ ਦੂਰ ਕਰਨ ਵਾਸਤੇ ਸੂਬੇ ਤੋਂ ਵਾਧੂ ਫੰਡਿੰਗ ਦੀ ਬੇਨਤੀ ਕਰਦੇ ਹੋਏ, ਆਪਣੀ ਹਿਮਾਇਤੀ ਮੁਹਿੰਮ "ਫੇਅਰ ਡੀਲ ਫਾਰ ਬ੍ਰੈਂਪਟਨ" ("Fair Deal for Brampton") ਦੀ ਸ਼ੁਰੂਆਤ ਕੀਤੀ ਸੀ।

ਮਾਰਚ 2021 ਵਿੱਚ, ਸਿਟੀ ਨੇ ਓਸਲਰ ਦੇ ਪੀਲ ਮੈਮੋਰੀਅਲ ਸੈਂਟਰ ਫਾਰ ਇੰਟੀਗ੍ਰੇਟਿਡ ਹੈਲਥ ਐਂਡ ਵੈਲਨੈਸ (Peel Memorial Centre for Integrated Health and Wellness) ਦਾ ਨਵੇਂ ਹਸਪਤਾਲ ਵਿੱਚ ਵਿਸਤਾਰ ਕਰਨ ਵਾਸਤੇ ਫੰਡਿੰਗ ਲਈ, ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਐਲਾਨ ਕੀਤੇ ਗਏ ਬਜਟ ਦਾ ਸੁਆਗਤ ਕੀਤਾ ਸੀ (welcomed a budget announcement from the Provincial government)। ਇਸ ਹਫਤੇ ਦੇ ਸ਼ੁਰੂ ਵਿੱਚ, ਪ੍ਰੋਵਿੰਸ ਨੇ ਘੋਸ਼ਣਾ ਕੀਤੀ ਕਿ ਉਹ ਓਸਲਰ ਦੇ ਪੀਲ ਮੈਮੋਰੀਅਲ ਨੂੰ 24/7 ਐਮਰਜੈਂਸੀ ਵਿਭਾਗ ਵਾਲੇ ਨਵੇਂ ਹਸਪਤਾਲ ਵਿੱਚ ਤਬਦੀਲ ਕਰਨ ਅਤੇ ਬ੍ਰੈਂਪਟਨ ਸਿਵਿਕ ਹਸਪਤਾਲ ਵਿੱਚ ਕੈਂਸਰ ਦੇਖਭਾਲ ਸੇਵਾਵਾਂ ਦਾ ਵਿਸਤਾਰ ਕਰਨ ਲਈ, 21 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਿਹਾ ਹੈ (it is investing $21 million)।

ਫੇਅਰ ਡੀਲ ਫਾਰ ਬ੍ਰੈਂਪਟਨ ਮੁਹਿੰਮ ਬਾਰੇ ਹੋਰ ਜਾਣਕਾਰੀ ਲਈ, Brampton.ca ਤੇ ਜਾਓ।

**ਹਵਾਲੇ**

"ਇਤਿਹਾਸਕ ਤੌਰ ਤੇ, ਬ੍ਰੈਂਪਟਨ ਨੇ ਹਸਪਤਾਲ ਵਿੱਚ ਬਹੁਤ ਵੱਧ ਭੀੜ ਅਤੇ ਹਾਲਵੇ ਮੈਡੀਸਿਨ ਦੀ ਸਥਿਤੀ ਦਾ ਸਾਮ੍ਹਣਾ ਕੀਤਾ ਹੈ ਕਿਉਂਕਿ ਸਾਡੇ ਸ਼ਹਿਰ ਨੂੰ, ਹੈਲਥ ਕੇਅਰ ਸੇਵਾਵਾਂ ਵਿੱਚ ਫੰਡਿੰਗ ਦਾ ਆਪਣਾ ਉਚਿਤ ਹਿੱਸਾ ਨਹੀਂ ਮਿਲਿਆ। ਬ੍ਰੈਂਪਟਨ ਸਿਟੀ ਕਾਉਂਸਿਲ, ਬ੍ਰੈਂਪਟਨ ਦੇ ਹੈਲਥ ਕੇਅਰ ਅੰਤਰਾਲ ਨੂੰ ਦੂਰ ਕਰਨ ਲਈ ਆਪਣੀ ਭੂਮਿਕਾ ਨਿਭਾਉਣ ਲਈ ਵਚਨਬੱਧ ਹੈ ਅਤੇ ਅਸੀਂ ਸਾਡੀ ਕਮਿਉਨਿਟੀ ਵਿੱਚ ਹੈਲਥ ਕੇਅਰ ਸੇਵਾਵਾਂ ਵਿੱਚ ਫੰਡਿੰਗ ਵਿੱਚ ਮਦਦ ਕਰਨ ਲਈ, ਸਾਡੇ ਭਾਈਵਾਲਾਂ ਦਾ ਧੰਨਵਾਦ ਕਰਦੇ ਹਾਂ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਪਿਛਲੇ ਸਾਲ ਟੈਲੀ ਟਾਊਨ ਹਾਲ ਵਿਖੇ, 70 ਪ੍ਰਤੀਸ਼ਤ ਤੋਂ ਵੱਧ ਨਿਵਾਸੀਆਂ ਨੇ ਸਿਟੀ ਦੇ ਰਾਹੀਂ ਰਾਏ ਦਿੱਤੀ ਕਿ ਉਹ, ਬ੍ਰੈਂਪਟਨ ਵਿੱਚ ਨਵੇਂ ਪੂਰੀ-ਸਰਵਿਸ ਵਾਲੇ ਹਸਪਤਾਲ ਵਾਸਤੇ ਫੰਡਿੰਗ ਵਿੱਚ ਮਦਦ ਲਈ ਲੇਵੀ ਦੀ ਹਿਮਾਇਤ ਵਿੱਚ ਹਨ। ਸਾਡੀ ਕਮਿਉਨਿਟੀ ਨੂੰ ਅਤੀਤ ਵਿੱਚ ਹੈਲਥ ਕੇਅਰ ਫੰਡਿੰਗ ਦਾ ਆਪਣਾ ਉਚਿਤ ਹਿੱਸਾ ਨਹੀਂ ਮਿਲਿਆ ਹੈ ਅਤੇ ਲੋਕਲ ਹਸਪਤਾਲ ਦੀ ਬਹੁਤ ਵੱਧ ਭੀੜ, ਕੋਵਿਡ-19 ਮਹਾਂਮਾਰੀ ਦੇ ਨਾਲ ਹੋਰ ਵੀ ਵਧ ਗਈ ਹੈ। ਬ੍ਰੈਂਪਟਨ ਸਿਟੀ ਕਾਉਂਸਿਲ, ਇਹ ਯਕੀਨੀ ਬਣਾਉਣ ਲਈ ਆਪਣੀ ਭੂਮਿਕਾ ਨਿਭਾਉਣ ਲਈ ਵਚਨਬੱਧ ਹੈ ਕਿ ਸਾਡੇ ਨਿਵਾਸੀਆਂ ਦੀ ਸਿਹਤ ਅਤੇ ਤੰਦਰੁਸਤੀ ਸੁਰੱਖਿਅਤ ਹੈ ਅਤੇ ਇਹ ਕਿ ਸਾਡੀ ਕਮਿਉਨਿਟੀ ਨੂੰ ਉਹ ਹੈਲਥ ਕੇਅਰ ਮਿਲਦੀ ਹੈ, ਜਿਸਦੀ ਉਹ ਹੱਕਦਾਰ ਹੈ।"

- *ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੀਆਂ ਕਮਿਉਨਿਟੀਜ ਵਿੱਚੋਂ ਇੱਕ ਹੈ ਅਤੇ ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਵਜੋਂ, ਅਸੀਂ ਬ੍ਰੈਂਪਟਨ ਵਿੱਚ ਹੈਲਥ ਕੇਅਰ ਐਮਰਜੈਂਸੀ ਤੇ ਧਿਆਨ ਦੇ ਰਹੇ ਹਾਂ ਅਤੇ ਭਵਿੱਖੀ ਹੈਲਥ ਕੇਅਰ ਸਬੰਧੀ ਸਾਡੀਆਂ ਲੋੜਾਂ ਤੇ ਧਿਆਨ ਦੇਣ ਲਈ ਕਦਮ ਚੁੱਕ ਰਹੇ ਹਾਂ। ਅਸੀਂ, ਬ੍ਰੈਂਪਟਨ ਵਿੱਚ ਹੈਲਥ ਕੇਅਰ ਲਈ ਵੱਧ ਮਜ਼ਬੂਤ ਭਵਿੱਖ ਨੂੰ ਸੁਰੱਖਿਅਤ ਕਰਨ ਲਈ, ਸਾਡੇ ਨਿਵਾਸੀਆਂ ਦੀ ਸਿਹਤ ਅਤੇ ਤੰਦਰੁਸਤੀ ਦੇ ਹਿੱਤ ਵਿੱਚ, ਲਗਾਤਾਰ ਸਾਡੇ ਭਾਈਵਾਲਾਂ ਦੇ ਨਾਲ ਕੰਮ ਕਰਨ ਲਈ ਵਚਨਬੱਧ ਹਾਂ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਇਹ, ਬ੍ਰੈਂਪਟਨ ਵਿੱਚ ਹੈਲਥ ਕੇਅਰ ਲਈ ਇਤਿਹਾਸਕ ਸਮਾਂ ਹੈ। ਹਸਪਤਾਲ ਦੇ ਪੁਨਰ ਵਿਕਾਸ ਲਈ 50 ਪ੍ਰਤੀਸ਼ਤ ਦੇ ਮੌਜੂਦਾ ਅਨੁਮਾਨਿਤ ਲੋਕਲ ਹਿੱਸੇ ਦੀ ਹਿਮਾਇਤ ਲਈ, ਸਿਟੀ ਕਾਉਂਸਿਲ ਦੀ ਵਚਨਬੱਧਤਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ ਓਸਲਰ ਕੋਲ ਅਜਿਹਾ ਇੰਫਰਾਸਟ੍ਰਕਚਰ ਬਣਾਉਣ ਲਈ ਵਸੀਲੇ ਹਨ, ਜਿਸਦੀ ਇਸ ਕਮਿਉਨਿਟੀ ਨੂੰ ਲੋੜ ਹੈ ਅਤੇ ਜਿਸਦੀ ਉਹ ਹੱਕਦਾਰ ਹੈ। ਓਸਲਰ, ਇਹ ਸ਼ਾਨਦਾਰ ਅਤੇ ਜ਼ਰੂਰੀ ਕਦਮ ਚੁੱਕਣ ਲਈ ਅਤੇ ਸਾਡੀ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੀ ਕਮਿਉਨਿਟੀ ਨੂੰ ਸੇਵਾ ਦੇਣ ਲਈ, ਹਸਪਤਾਲ ਵਿੱਚ ਵੱਧ ਕੈਪੇਸਿਟੀ ਦੀ ਅਣਥੱਕ ਹਿਮਾਇਤ ਲਈ, ਸਿਟੀ ਕਾਉਂਸਿਲ ਦੀ ਪ੍ਰਸ਼ੰਸਾ ਕਰਦਾ ਹੈ। ਕਾਉਂਸਿਲ ਦੀ ਵਚਨਬੱਧਤਾ, ਆਉਣ ਵਾਲੇ ਸਾਲਾਂ ਵਿੱਚ ਸਾਡੀ ਕਮਿਉਨਿਟੀ ਦੀ ਸਿਹਤ ਵਿੱਚ ਇੱਕ ਨਿਵੇਸ਼ ਹੈ।"

- *ਜੈਫਰੀ ਰਿਚੀ (Geoffrey Ritchie), ਚੇਅਰ, ਵਿਲੀਅਮ ਓਸਲਰ ਹੈਲਥ ਸਿਸਟਮ ਬੋਰਡ ਆਫ ਡਾਇਰੈਕਟਰਸ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca